# ਦਫਤਰ ਨਗਰ ਕੌਂਸਲ ਬਨੂੰੜ (ਐਸ.ਏ.ਐਸ ਨਗਰ)

ਨੰਬਰ................ ਮਿਤੀ...............

## ਪਬਲਿਕ ਨੋਟਿਸ

ਨਗਰ ਕੌਂਸਲ ਬਨੂੰੜ ਵੱਲੋਂ ਆਪਣੇ ਮਤਾ ਨੰਬਰ 27 ਮਿਤੀ 05-07-2021 ਅਤੇ ਇਸ ਮਤੇ ਦੀ ਪ੍ਰਵਾਨਗੀ ਸਬੰਧੀ ਸਰਕਾਰ ਦੇ ਪੱਤਰ ਨੰ: ਅਸ1-ਡਸਸ(ਬਨੂੰੜ)-2021/29757 ਮਿਤੀ 23-07-2021 ਰਾਹੀ ਅਤੇ ਸਰਕਾਰ ਵੱਲੋਂ ਸਮੇਂ-ਸਮੇਂ ਸਿਰ ਨਿਰਧਾਰਿਤ ਰੈਗੂਲਰ ਤਨਖਾਹ ਸਕੇਲ ਦੀਆਂ ਅਸਾਮੀਆਂ ਵਿਰੁੱਧ ਡਿਪਟੀ ਕਮਿਸ਼ਨਰ ਵੱਲੋਂ ਸਮੇਂ-ਸਮੇਂ ਸਿਰ ਨਿਰਧਾਰਿਤ ਲੇਬਰ ਰੇਟਾਂ ਦੀਆਂ ਅਦਾਇਗੀਆਂ ਤੇ ਠੇਕਾ ਆਧਾਰ 50 ਸਫਾਈ ਸੇਵਕਾਂ ਦੀਆਂ ਨਿਯੁਕਤੀਆਂ ਕੀਤੀਆਂ ਜਾਣੀਆਂ ਹਨ। ਇਸ ਲਈ ਪੰਜਾਬ ਸਰਕਾਰ ਦੇ ਵਸਨੀਕ ਚਾਹਵਾਨ ਉਮੀਦਵਾਰਾਂ ਤੋਂ ਮਿਤੀ 01-09-2021 ਤੱਕ ਹੇਠ ਲਿਖੇ ਪ੍ਰੋਫਾਰਮੇ ਵਿੱਚ ਬਿਨੈ-ਪੱਤਰਾਂ(ਸਮੇਤ ਦਸਤਾਵੇਜਾਂ ਦੀਆਂ ਕਾਪੀਆਂ) ਦੀ ਮੰਗ ਕੀਤੀ ਜਾਂਦੀ ਹੈ। ਚਾਹਵਾਨ ਉਮੀਦਵਾਰ ਮਿਤੀ 01-09-2021 ਨੂੰ ਸਾਮ 5.00 ਵਜੇ ਤੱਕ ਰਜਿਸਟਰਡ ਡਾਕ ਰਾਹੀ ਜਾਂ ਦਸਤੀ ਤੌਰ ਤੇ ਬਿਨੈ-ਪੱਤਰ (ਸਮੇਤ ਦਸਤਾਵੇਜਾਂ ਦੀਆਂ ਕਾਪੀਆਂ) ਦਫਤਰ ਨਗਰ ਕੌਂਸਲ ਬਨੂੰੜ ਵਿਖੇ ਜਮ੍ਹਾਂ ਕਰਵਾ ਸਕਦੇ ਹਨ। ਨਿਰਧਾਰਿਤ ਮਿਤੀ ਤੋਂ ਬਾਅਦ ਪ੍ਰਾਪਤ ਹੋਏ ਬਿਨੈ-ਪੱਤਰਾਂ ਤੇ ਗੋਰ ਨਹੀ ਕੀਤੀ ਜਾਵੇਗੀ। ਚਾਹਵਾਨ ਉਮੀਦਵਾਰਾਂ ਵੱਲੋਂ ਬਿਨੈ-ਪੱਤਰ ਵਿੱਚ ਦਰਜ ਦਸਤਾਵੇਜਾਂ ਦੀਆਂ ਸਵੈ-ਤਸਦੀਕ ਕਾਪੀਆਂ ਨਾਲ ਨੱਥੀ ਕੀਤੀਆਂ ਜਾਣ। ਇਸ ਤੋਂ ਇਲਾਵਾ ਚਾਹਵਾਨ ਉਮੀਦਵਾਰ ਵਿਰੁੱਧ ਕੋਈ ਵੀ ਫੌਜਦਾਰੀ ਕੇਸ ਨਾ ਚੱਲ ਰਹੇ ਹੋਣ ਸਬੰਧੀ ਸਵੈ-ਘੋਸ਼ਣਾ ਵੀ ਨਾਲ ਨੱਥੀ ਕੀਤਾ ਜਾਵੇ।

| ਅਸਾਮੀ ਦਾ ਨਾਮ | ਅਸਾਮੀਆਂ ਦੀ ਗਿਣਤੀ | ਤਨਖਾਹ ਸਕੇਲ | ਵਿੱਦਿਅਕ ਯੋਗਤਾ | ਉਮਰ (ਮਿਤੀ 01-01-2021) |
|---|---|---|---|---|
| ਸਫਾਈ ਸੇਵਕ | 50 | ਕਿਰਤ ਵਿਭਾਗ ਪੰਜਾਬ ਵੱਲੋਂ ਸਮੇਂ-ਸਮੇਂ ਸਿਰ ਨਿਰਧਾਰਿਤ ਲੇਬਰ ਰੇਟ (ਡੀ.ਸੀ ਰੇਟ) | ਉਮੀਦਵਾਰ ਨੂੰ ਪੜ੍ਹਨ ਲਿਖਣ ਦੀ ਜਾਣਕਾਰੀ ਹੋਣਾ (Literate) | ਉਮਰ 18 ਤੋਂ 37 ਸਾਲ ਤੱਕ |

**ਨੋਟ:-**

1. ਚਾਹਵਾਨ ਉਮੀਦਵਾਰ ਦੀ ਉਮਰ ਮਿਤੀ 01-01-2021 ਨੂੰ 18 ਸਾਲ ਤੋਂ 37 ਸਾਲ ਦੇ ਵਿਚਕਾਰ ਹੋਣੀ ਚਾਹੀਦੀ ਹੈ। ਇਨ੍ਹਾਂ ਨਿਯੁਕਤੀਆਂ ਵਿੱਚ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਬਣਦੀ ਉਮਰ ਵਿੱਚ ਛੋਟ ਦਿੱਤੀ ਜਾਵੇਗੀ।
2. ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਫਾਈ ਸੇਵਕਾਂ ਦੀਆਂ ਨਿਯੁਕਤੀਆਂ ਲਈ ਸਥਾਨਕ ਸਰਕਾਰ ਵਿਭਾਗ ਵਿੱਚ ਘੱਟੋ-ਘੱਟ 3 ਸਾਲ ਦੇ ਤਜਰਬੇ ਵਾਲੇ ਉਮੀਦਵਾਰ ਨੂੰ ਪਹਿਲ ਦਿੱਤੀ ਜਾਵੇਗੀ। ਤਜਰਬੇ ਦੇ ਅਰਸੇ ( Length of experience) ਦੇ ਆਧਾਰ ਤੇ weightage ਦਿੱਤੀ ਜਾਵੇਗੀ।
3. ਉਮੀਦਵਾਰ ਪੰਜਾਬ ਦਾ ਪੱਕਾ ਵਸਨੀਕ ਹੋਵੇ ਅਤੇ ਉਮੀਦਵਾਰ ਫਿਜੀਕਲ ਫਿੱਟ ਹੋਣਾ ਚਾਹੀਦਾ ਹੈ।
4. ਨਗਰ ਕੌਂਸਲ ਬਨੂੰੜ ਵੱਲੋਂ ਨਿਯੁਕਤੀ ਕੀਤੇ ਜਾ ਰਹੇ ਸਫਾਈ ਸੇਵਕਾਂ ਤੋਂ ਸਫਾਈ ਦੇ ਕੰਮ,ਨਾਲੇ/ਨਾਲੀਆਂ ਦੀ ਸਫਾਈ,ਕੂੜਾ ਲਿਫਟਿੰਗ,ਸੋਲਿਡ ਵੇਸਟ ਦੇਖਭਾਲ ਦੇ ਕੰਮਾਂ ਅਤੇ ਮਾਲੀ/ਬੇਲਦਾਰ/ਕੁਲੀ ਦਾ ਕੰਮ ਲਿਆ ਜਾ ਸਕਦਾ ਹੈ।
5. ਭਰਤੀ ਸਰਕਾਰ ਦੀਆਂ ਰਾਖਵਾਂਕਰਨ ਸਬੰਧੀ ਹਦਾਇਤਾਂ (ਰੋਸਟਰ) ਅਨੁਸਾਰ ਹੋਵੇਗੀ। ਇਨ੍ਹਾਂ ਨਿਯੁਕਤੀਆਂ ਵਿੱਚ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਰਿਜਰਵੇਸਨ ਪਾਲਿਸੀ ਲਾਗੂ ਕੀਤੀ ਜਾਵੇਗੀ।
6. ਸਰਕਾਰ ਦੀਆਂ ਹਦਾਇਤਾਂ/ਪ੍ਰਸ਼ਾਸਕੀ ਕਾਰਨਾਂ ਕਰਕੇ ਅਸਾਮੀਆਂ ਦੀ ਗਿਣਤੀ ਵਧਾਈ/ਘਟਾਈ/ਰੱਦ ਕਰਨ ਦਾ ਅਧਿਕਾਰ ਸਿਲੈਕਸ ਕਮੇਟੀ ਕੋਲ ਰਾਖਵਾ ਹੋਵੇਗਾ। ਇਸ ਸਬੰਧੀ ਸੂਚਨਾ ਵੈਬਸਾਈਟ ਤੇ ਅਪਲੋਡ ਕੀਤੀ ਜਾਵੇਗੀ।
7. ਉਮੀਦਵਾਰ ਕਾਉਸਲਿੰਗ ਸਮੇਂ ਲੋੜੀਦੀ ਵਿੱਦਿਅਕ ਯੋਗਤਾ,ਤਜਰਬੇ ਸਬੰਧੀ ਅਤੇ ਰਾਖਵਾਂਕਰਨ ਆਦਿ ਨਾਲ ਸਬੰਧਤ ਆਪਣੇ ਅਸਲ ਸਰਟੀਫਿਕੇਟ ਅਤੇ ਉਨ੍ਹਾਂ ਦੀਆਂ ਤਸਦੀਕਸੁਦਾ ਕਾਪੀਆਂ ਪੇਸ਼ ਕਰਨਗੇ। ਇਹ ਸਾਰੇ ਦਸਤਾਵੇਜ ਅਪਲਾਈ ਕਰਨ ਦੀ ਮਿਤੀ ਤੋਂ ਪਹਿਲਾਂ ਦੇ ਹੋਣੇ ਚਾਹੀਦੇ ਹਨ। ਕਾਉਸਲਿੰਗ ਵਿੱਚ ਆਉਣ ਵਾਲੇ ਉਮੀਦਵਾਰਾਂ ਨੂੰ ਕੋਈ ਟੀ.ਏ/ਡੀ.ਏ ਅਦਾ ਨਹੀ ਕੀਤਾ ਜਾਵੇਗਾ।

# ਦਫਤਰ ਨਗਰ ਕੌਂਸਲ ਬਨੂੰੜ (ਐਸ.ਏ.ਐਸ ਨਗਰ)

ਨੰਬਰ.................. ਮਿਤੀ.................

## ਕੰਨਟਰੈਕਟ ਬੇਸ ਤੇ ਸਫਾਈ ਸੇਵਕਾ ਦੀ ਅਸਾਮੀ ਲਈ ਬਿਨੈ-ਪੱਤਰ

ਅਸਾਮੀ ਦਾ ਨਾਮ:-

| | | | | | | |
|---|---|---|---|---|---|---|
| 1. | ਉਮੀਦਵਾਰ ਦਾ ਨਾਮ | | | | | |
| 2 | ਪਿਤਾ/ਪਤੀ ਦਾ ਨਾਮ | | | | | |
| 3. | ਜਨਮ ਮਿਤੀ (ਸਬੂਤ ਨਾਲ ਨੱਥੀ) | | | | | |
| 4 | ਉਮਰ (ਪ੍ਰਸੋਨਲ ਪਾਲਿਸੀਜ-1 ਸ਼ਾਖਾ ਦੇ ਪੱਤਰ ਨੰ:9/56/2020-5PP1/33 ਮਿਤੀ 12/01/2021 ਰਾਹੀ ਛੋਟ ਦਿੱਤੀ ਜਾਵੇਗੀ ) | | | | | |
| 5 | ਜਨਮ ਦਾ ਅਸਥਾਨ (ਜਿਲ੍ਹਾ ਅਤੇ ਰਾਜ) | | | | | |
| 6 | ਘਰ ਦਾ ਪੱਕਾ ਪਤਾ | | | | | |
| 7 | ਪੱਤਰ ਵਿਹਾਰ ਲਈ ਪਤਾ | | | | | |
| 8 | ਟੈਲੀਫੋਨ ਨੰਬਰ/ਮੋਬਾਇਲ ਨੰਬਰ | | | | | |
| 9 | ਕੈਟਾਗਰੀ | | | | | |
| 10 | ਕੌਮੀਅਤ (Nationality) | | | | | |
| 11 | ਵਿੱਦਿਅਕ ਯੋਗਤਾ | | | | | |
| | ਪਾਸ ਪ੍ਰੀਖਿਆ ਦਾ ਨਾਮ | ਬੋਰਡ/ਯੂਨੀਵ ਰਸੀਟੀ | ਪ੍ਰੀਖਿਆ ਪਾਸ ਕਰਨ ਦਾ ਸਾਲ | ਕੁੱਲ ਅੰਕ | ਪ੍ਰਾਪਤ ਕੀਤੇ ਅੰਕ | ਪ੍ਰਾਪਤ ਕੀਤੇ ਅੰਕਾਂ ਦਾ ਪ੍ਰਤੀਸ਼ਤ( %) |
| | | | | | | |
| | | | | | | |

12. ਕੀ ਪੰਜਾਬੀ ਪੜ੍ਹ ਲਿਖ ਸਕਦਾ ਹੈ ? ਹਾਂ ਜਾਂ ਨਹੀ (      )

13. **ੳ** ) ਤਜਰਬਾ (ਕਦੋਂ ਤੋਂ ਕਦੋਂ ਤੱਕ )                ਸੰਸਥਾ ਦਾ ਨਾਂ:

(ਨੋਟ: **ਤਜਰਬਾ ਕਮਿਸ਼ਨਰ/ਕਾਰਜ ਸਾਧਕ ਅਫਸਰ/ਸੰਸਥਾਂ ਦੇ ਮੁਖੀ ਵੱਲੋਂ ਰਿਕਾਰਡ ਦੇ ਆਧਾਰ ਤੇ ਵੈਰੀਫਾਈ ਕੀਤਾ ਜਾਵੇਗਾ** )

**ਅ**) ਈ.ਪੀ.ਐਫ ਨੰਬਰ ਜੇਕਰ ਹੈ ਤਾਂ )

**ੲ** ) ਸੈਲਰੀ ਅਕਾਉਟ ਨੰਬਰ (ਬੈਂਕ ਡਿਟੇਲ)

### ਸਵੈ ਘੋਸ਼ਣਾ

ਮੈਂ................................ ਪੁੱਤਰ/ਪੁੱਤਰੀ ਸ੍ਰੀ............................ ਉਮਰ....................... ਘੋਸ਼ਣਾ ਕਰਦਾ/ਕਰਦੀ ਹਾਂ ਕਿ ਮੈਂ ਪੰਜਾਬ ਦਾ ਵਸਨੀਕ ਹਾਂ ਅਤੇ ਮੇਰੇ ਖਿਲਾਫ ਕੋਈ ਵੀ ਫੌਜਦਾਰੀ ਕੇਸ ਨਹੀਂ ਚੱਲ ਰਿਹਾ। ਮੇਰੀ ਜਾਣਕਾਰੀ ਅਨੁਸਾਰ ਉਕਤ ਸੂਚਨਾ ਅਤੇ ਨੱਥੀ ਦਸਤਾਵੇਜ ਠੀਕ ਅਤੇ ਸਹੀ ਹਨ। ਇਨ੍ਹਾਂ ਵਿੱਚ ਮੈਂ ਕੋਈ ਤੱਥ ਲੁਕਾਇਆ ਨਹੀ ਹੈ। ਜੇਕਰ ਮੇਰੇ ਵੱਲੋਂ ਦਿੱਤੀ ਗਈ ਸੂਚਨਾ ਕਿਸੇ ਸਮੇਂ ਵੀ ਗਲਤ ਪਾਈ ਗਈ ਤਾਂ ਸਮੱਰਥ ਅਥਾਰਟੀ ਨੂੰ ਮੇਰੇ ਵਿਰੁੱਧ ਕਾਨੂੰਨ ਅਨੁਸਾਰ ਕਾਰਵਾਈ ਕਰਨ ਦੀ ਖੁੱਲ੍ਹ ਹੋਵੇਗੀ।

ਮਿਤੀ: **ਉਮੀਦਵਾਰ ਦੇ ਹਸਤਾਖਰ**

ਸਥਾਨ:

ਨੱਥੀ ਦਸਤਾਵੇਜ: 1.

2.

3.

ਪ੍ਰਧਾਨ, ਸਿਲੇਕਸਨ ਕਮੇਟੀ-ਕਮ-
ਪ੍ਰਧਾਨ, ਨਗਰ ਕੌਂਸਲ ਬਨੂੰੜ

**ਮੈਬਰ ਸਕੱਤਰ ਸਿਲੈਕਸਨ ਕਮੇਟੀ-ਕਮ-**
**ਕਾਰਜ ਸਾਧਕ ਅਫਸਰ ਨਗਰ ਕੌਂਸਲ ਬਨੂੰੜ**